# 4

**ਸਵਾਲ:**

# ‘‘ਜੇ ਬਚਾਏ ਜਾਣ ਲਈ ਆਤਮਾ ਦੀ ਅਗਵਾਈ ਹੋਣੀ ਜ਼ਰੂਰੀ ਹੈ, ਤਾਂ ਅੱਜ ਸਾਨੂੰ ਪਵਿੱਤਰ ਆਤਮਾ ਦੀ ਅਗਵਾਈ ਕਿਵੇਂ ਮਿਲ ਸਕਦੀ ਹੈ?’’

**ਜਵਾਬ:**

ਹਾਲ ਹੀ ਦੇ ਸਾਲਾਂ ਵਿਚ ਲੋਕਾਂ ਵਿਚ ਪਵਿੱਤਰ ਆਤਮਾ ਵਿਚ ਨਵੇਂ ਸਿਰਿਓਂ ਦਿਲਚਸਪੀ ਵਧੀ ਹੈ, ਜਿਸ ਨਾਲ ਕਰਿਸ਼ਮਾਈ ਲਹਿਰ ਪੈਦਾ ਹੋਈ ਹੈ। ਇਸ ਲਹਿਰ ਦੀ ਵੱਡੀ ਖੂਬੀ ਇਹ ਹੈ ਕਿ ਇਸ ਵਿਚ ਸ਼ਾਮਿਲ ਲੋਕ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਬੋਲੀਆਂ ਬੋਲਣ ਦਾ ਦਾਅਵਾ ਕਰਦੇ ਹਨ। ਭਲਾ ਉਹ ਸਚਮੁਚ ਗੈਰ ਜ਼ਬਾਨਾਂ ਜਾਂ ਬੋਲੀਆਂ ਬੋਲਦੇ ਹਨ ਜਾਂ ਨਹੀਂ? ਇਹ ਸਵਾਲ ਐਨਾ ਅਹਿਮ ਨਹੀਂ ਹੈ। ਪਰ ਪਵਿੱਤਰ ਆਤਮਾ ਬਾਰੇ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਸਾਡੇ ਬਚਾਏ ਜਾਣ ਵਿਚ ਪਵਿੱਤਰ ਆਤਮਾ ਦੀ ਕੀ ਭੂਮਿਕਾ ਹੁੰਦੀ ਹੈ?

ਸਾਡੇ ਬਚਾਏ ਜਾਣ ਵਿਚ ਪਵਿੱਤਰ ਆਤਮਾ ਦਾ ਕੁਝ ਯੋਗਦਾਨ ਜ਼ਰੂਰ ਹੈ। ਆਤਮਾ ਨਾਲ ਸਾਨੂੰ ਨਵੇਂ ਸਿਰਿਉਂ ਜਨਮ ਮਿਲਦਾ ਹੈ (ਯੂਹੰਨਾ 3:5); ਆਤਮਾ ਵਿਚ ਸਾਨੂੰ ਧਰਮੀ ਠਹਿਰਾਇਆ ਜਾਂਦਾ ਹੈ (1 ਕੁਰਿੰਥੀਆਂ 6:11); ਅਤੇ ਆਤਮਾ ਦੇ ਨਵਾਂ ਬਣਾਉਣ ਦੇ ਰਾਹੀਂ ਅਸੀਂ ਬਚਾਏ ਜਾਂਦੇ ਹਾਂ (ਤੀਤੁਸ 3:5)। ਅੱਜ ਜੇ ਤੁਸੀਂ ਬਚਾਏ ਜਾਣਾ ਚਾਹੁੰਦੇ ਹੋ ਤਾਂ ਉਸ ਆਤਮਾ ਦੇ ਰਾਹੀਂ ਹੀ ਹੋ ਸਕਦਾ ਹੈ।

ਪਵਿੱਤਰ ਆਤਮਾ ਕਿਵੇਂ ਬਚਾਉਂਦਾ ਹੈ? ਇਸ ਦਾ ਜਵਾਬ ਰੋਮੀਆਂ 8:14 ਵਿਚ ਮਿਲਦਾ ਹੈ, ‘‘ਜਿੰਨੇ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤਰ ਹਨ।’’ ਮੈਂ ਜ਼ੋਰ ਦੇ ਕੇ ਕਹਿੰਦਾ ਹਾਂ ਕਿ ਆਤਮਾ ਦੇ ਰਾਹੀਂ ਬਚਾਏ ਜਾਣ ਲਈ ਆਤਮਾ ਦੀ ਅਗਵਾਈ ਵਿਚ ਚੱਲਣਾ ਜ਼ਰੂਰੀ ਹੈ! ਫਿਰ ਇਹ ਸਵਾਲ ਉੱਠਦਾ ਹੈ ਕਿ ‘‘ਜੇ ਬਚਾਏ ਜਾਣ ਲਈ ਆਤਮਾ ਦੀ ਅਗਵਾਈ ਵਿਚ ਚੱਲਣਾ ਜ਼ਰੂਰੀ ਹੈ ਤਾਂ ਅੱਜ ਪਵਿੱਤਰ ਆਤਮਾ ਸਾਡੀ ਅਗਵਾਈ ਕਿਵੇਂ ਕਰਦਾ ਹੈ?’’ ਆਓ ਇਸ ਦਾ ਜਵਾਬ ਪਹਿਲਾਂ ਇਸ ਸਵਾਲ ਨਾਲ ਦਿੰਦੇ ਹਾਂ ਕਿ ਪਵਿੱਤਰ ਆਤਮਾ ਸਾਡੀ ਅਗਵਾਈ ਕਿਵੇਂ ਕਰਦਾ ਹੈ, ਅਤੇ ਫਿਰ ਇਹ ਕਿ ਆਤਮਾ ਸਾਡੀ ਅਗਵਾਈ ਕਿੱਧਰ ਕਰਦਾ ਹੈ?

## ਪਵਿੱਤਰ ਆਤਮਾ ਸਾਡੀ ਅਗਵਾਈ ਕਿਵੇਂ ਕਰਦਾ ਹੈ?

ਪਵਿੱਤਰ ਆਤਮਾ ਸਾਡੀ ਅਗਵਾਈ ਕਿਵੇਂ ਕਰਦਾ ਹੈ? ਇਸ ਦੀਆਂ ਘੱਟੋ ਘੱਟ ਤਿੰਨ ਸੰਭਾਵਨਾਵਾਂ

ਦੱਸੀਆਂ ਜਾ ਸਕਦੀਆਂ ਹਨ:

**ਚਮਤਕਾਰੀ ਢੰਗ ਨਾਲ?**

ਭਲਾ ਆਤਮਾ ਬਚਾਉਣ ਵਿਚ ਸਿੱਧੇ ਅਤੇ ਚਮਤਕਾਰੀ ਢੰਗ ਨਾਲ ਸਾਡੀ ਅਗਵਾਈ ਕਰਦਾ ਹੈ? ਭਲਾ ਉਹ ਖਾਸ ਮੁਕਾਸ਼ਫ਼ਾ ਦਿੰਦਾ ਹੈ? ਭਲਾ ਅੱਜ ਲੋਕਾਂ ਨੂੰ ਫ਼ਰਿਸ਼ਤਿਆਂ ਦਾ ਦਰਸ਼ਣ ਹੁੰਦਾ ਹੈ? ਭਲਾ ਖ਼ੁਦਾ ਕਿਸੇ ਨਾਲ ''ਕੰਨ ਵਿਚ, ਖਾਮੋਸ਼ੀ ਨਾਲ'' ਗੱਲ ਕਰਦਾ ਹੈ?

ਇਹ ਸੱਚ ਹੈ ਕਿ ਖ਼ੁਦਾ ਨੇ ਬੀਤੇ ਸਮੇਂ ਵਿਚ ਲੋਕਾਂ ਦੀ ਅਗਵਾਈ ਇਵੇਂ ਹੀ ਕੀਤੀ ਹੈ। ਪਰ ਸਿਰਫ਼ ਇਹੀ ਇਸ ਗੱਲ ਦਾ ਸਬੂਤ ਨਹੀਂ ਹੈ ਕਿ ਖ਼ੁਦਾ ਅੱਜ ਦੇ ਯੁੱਗ ਵਿਚ ਵੀ ਲੋਕਾਂ ਦੀ ਅਗਵਾਈ ਉਵੇਂ ਹੀ ਕਰਦਾ ਹੈ। ਕਿਉਂ? ਕਿਉਂਕਿ ਖ਼ੁਦਾ ਨੇ ਵੱਖੋ ਵੱਖ ਯੁੱਗਾਂ ਵਿਚ ਲੋਕਾਂ ਨਾਲ ਵੱਖੋ ਵੱਖ ਤਰੀਕਿਆਂ ਨਾਲ ਗੱਲ ਕੀਤੀ ਹੈ। ਵੱਖੋ ਵੱਖ ਸਮਿਆਂ ਵਿਚ ਉਹ ਲੋਕਾਂ ਨਾਲ ਵੱਖੋ ਵੱਖ ਢੰਗ ਨਾਲ ਗੱਲ ਕਰਦਾ ਰਿਹਾ ਹੈ (ਵੇਖੋ ਇਬਰਾਨੀਆਂ 1:1, 2)। ਇਸ ਤੋਂ ਇਲਾਵਾ ਖ਼ੁਦਾ ਆਪਣੀਆਂ ਕਈ ਗੱਲਾਂ ਨੂੰ ਦੁਹਰਾਉਂਦਾ ਨਹੀਂ ਹੈ। ਉਦਾਹਰਣ ਲਈ ਦੁਨੀਆਂ ਨੂੰ ਬਨਾਉਣ, ਆਪਣੇ ਪੁੱਤਰ ਨੂੰ ਭੇਜਣ ਜਾਂ ਬਾਈਬਲ ਦੀ ਪ੍ਰੇਰਣਾ ਦੇਣ ਦੀਆਂ ਗੱਲਾਂ ਨੂੰ ਉਹ ਫੇਰ ਤੋਂ ਦੁਹਰਾਉਣ ਵਾਲਾ ਨਹੀਂ ਹੈ। ਇਸ ਕਰਕੇ ਨਾ ਤਾਂ ਇਹ ਸਵਾਲ ਹੈ ਕਿ ''ਖ਼ੁਦਾ ਨੇ ਕੀ ਕੀਤਾ ਹੈ?'' ਅਤੇ ਨਾ ਇਹ ਕਿ ''ਖ਼ੁਦਾ ਕੀ ਕਰ ਸਕਦਾ ਹੈ?'' ਬਲਕਿ ਸਵਾਲ ਇਹ ਹੀ ਹੈ ਕਿ ''ਅੱਜ ਖ਼ੁਦਾ ਕੀ ਕਰ ਰਿਹਾ ਹੈ?''

ਬਾਈਬਲ ਦੱਸਦੀ ਹੈ ਕਿ ਮੋਅਜਜ਼ਿਆਂ ਦਾ ਯੁੱਗ ਬੀਤ ਚੁਕਿਆ ਹੈ, ਇਸ ਕਰਕੇ ਸਾਡਾ ਸੁਝਾਅ ਹੈ ਕਿ ਖ਼ੁਦਾ ਅੱਜ ਲੋਕਾਂ ਦੀ ਅਗਵਾਈ ਸਿੱਧੇ ਦਖ਼ਲ ਦੇ ਕੇ ਭਾਵ ਮੋਅਜਜ਼ਿਆਂ ਦੇ ਰਾਹੀਂ ਨਹੀਂ ਕਰਦਾ। ਮੈਂ ਇਹ ਕਿਉਂ ਆਖਦਾ ਹਾਂ ਕਿ ਮੋਅਜਜ਼ਿਆਂ ਦਾ ਯੁੱਗ ਬੀਤ ਗਿਆ ਹੈ? ਕਿਉਂਕਿ ਸਭ ਤੋਂ ਪਹਿਲਾਂ ਇਹ ਗੱਲ ਖ਼ੁਦਾ ਦੀ ਪ੍ਰੇਰਣਾ ਨਾਲ ਪੌਲੁਸ ਨੇ ਆਖੀ ਸੀ! 1 ਕੁਰਿੰਥੀਆਂ 12 ਵਿਚ ਪੌਲੁਸ ਨੇ ਪਵਿੱਤਰ ਆਤਮਾ ਦੇ ਚਮਤਕਾਰੀ ਜਾਂ ਮੋਅਜਜ਼ਿਆਂ ਦੇ ਦਾਨਾਂ ਦੀ ਗੱਲ ਕੀਤੀ ਸੀ! ਫਿਰ 1 ਕੁਰਿੰਥੀਆਂ 13 ਵਿਚ ਉਸ ਨੇ ਕਿਹਾ ਕਿ ''ਜਦ ਸੰਪੂਰਣ ਆਵੇਗਾ'' ਤਾਂ ਮੋਅਜਜ਼ਿਆਂ ਦੇ ਦਾਨਾਂ ਦਾ ਪ੍ਰਬੰਧ ਮੁੱਕ ਜਾਵੇਗਾ (ਆਇਤਾਂ 8–10)। ਮੇਰਾ ਮੰਨਣਾ ਹੈ ਕਿ ਬਿਲਕੁਲ ਇਵੇਂ ਹੀ ਹੋਇਆ ਹੈ! ਪਵਿੱਤਰ ਆਤਮਾ ਦੇ ਅਲੌਕਿਕ ਦਾਨ ਜਿਸ ਵਿਚ ਗੈਰ–ਜ਼ਬਾਨਾਂ ਬੋਲਣ ਦੀ ਯੋਗਤਾ, ਚੰਗਿਆਈ ਦੇਣ ਦੀ ਯੋਗਤਾ ਅਤੇ ਮੋਅਜਜ਼ੇ ਰਾਹੀਂ ਮਿਲਿਆ ਗਿਆਨ ਸ਼ਾਮਿਲ ਹੈ, ਹੁਣ ਨਹੀਂ ਹੈ। ਹੁਣ ਉਹਦੀ ਲੋੜ ਨਹੀਂ ਹੈ। ਉਹ ਰਸੂਲਾਂ ਦੇ ਰਾਹੀਂ ਕਹੇ ਗਏ ਵਚਨ ਨੂੰ ਪੱਕਾ ਕਰਨ ਲਈ ਦਿੱਤੇ ਗਏ ਸਨ (ਮਰਕੁਸ 16:17–20; ਇਬਰਾਨੀਆਂ 2:2–4), ਪਰ ਹੁਣ ਤਾਂ ਉਹ ਵਚਨ ਪੱਕਾ ਹੋ ਚੁੱਕਾ ਹੈ। ਹੁਣ ਕਿਸੇ ਸਬੂਤ ਦੀ ਲੋੜ ਨਹੀਂ ਹੈ। ਅੱਜ ਲੋਕਾਂ ਨੂੰ ਉਵੇਂ ਚੰਗਿਆਈ ਨਹੀਂ ਮਿਲਦੀ ਜਿਵੇਂ ਨਵੇਂ ਨੇਮ ਵੇਲੇ ਮਿਲਦੀ ਸੀ (ਉਦਾਹਰਣ ਲਈ, ਵੇਖੋ ਰਸੂਲਾਂ ਦੇ ਕੰਮ 3 ਅਤੇ ਉਸ ਨੂੰ ਅੱਜ ਦੇ ਅਖੌਤੀ ਮੋਅਜਜ਼ਿਆਂ ਨਾਲ ਮਿਲਾਓ)। ਖ਼ੁਦਾ ਦੇ ਮੁਕਾਸ਼ਫ਼ੇ ਦੇ ਪੂਰਾ ਹੋਣ ਨਾਲ ਕਲੀਸੀਆ ਦੀ ਪਕਿਆਈ ਦਾ ਸੰਕੇਤ ਅਲੌਕਿਕ ਯੁੱਗ ਦੇ ਖ਼ਤਮ ਹੋਣ ਨਾਲ ਮਿਲਿਆ। ਹੁਣ ਕਿਉਂਕਿ ਚਮਤਕਾਰੀ ਦਾਨ ਨਹੀਂ ਦਿੱਤੇ ਜਾਂਦੇ ਇਸ ਕਰਕੇ ਅਸੀਂ ਪਵਿੱਤਰ ਆਤਮਾ ਦੀ ਚਮਤਕਾਰੀ ਜਾਂ ਅਲੌਕਿਕ ਅਗਵਾਈ ਪਾਉਣ ਦੀ ਉਮੀਦ ਨਹੀਂ ਕਰਦੇ ਹਾਂ।

ਜੇ ਆਤਮਾ ਲੋਕਾਂ ਨਾਲ ਸਿੱਧੇ ਅਤੇ ਚਮਤਕਾਰੀ ਢੰਗ ਨਾਲ ਗੱਲ ਕਰਦਾ ਵੀ ਹੋਵੇ ਤਾਂ ਵੀ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਉਹ ਇਸ ਤਰੀਕੇ ਨਾਲ ਕਿਸੇ ਨੂੰ ਬਚਾਵੇਗਾ! ਨਵੇਂ ਨੇਮ ਵਿਚ ਆਤਮਾ ਦੀ ਚਮਤਕਾਰੀ ਅਗਵਾਈ ਉਨ੍ਹਾਂ ਲੋਕਾਂ ਨੂੰ ਹੀ ਮਿਲੀ ਸੀ ਜੋ ਪਹਿਲਾਂ ਤੋਂ ਮਸੀਹ ਦੇ ਚੇਲੇ ਸਨ ਨਾ ਕਿ ਮਸੀਹ ਦੀ ਦੇਹ ਜਾਂ ਕਲੀਸੀਆ ਦੇ ਬਾਹਰ ਦੇ ਲੋਕਾਂ ਨੂੰ। ਉਦਾਹਰਣ ਲਈ ਉਨ੍ਹਾਂ ਨੂੰ ਭਾਵ ਖ਼ੁਦਾ ਦੀ ਪ੍ਰੇਰਣਾ ਪਾਏ ਰਸੂਲਾਂ ਨੂੰ ਵੀ ਅਜਿਹੀ ਅਗਵਾਈ ਹਰ ਵੇਲੇ ਨਹੀਂ ਮਿਲਦੀ ਸੀ। ਪੌਲੁਸ ਅਤੇ ਬਰਨਾਬਾਸ ਵਿਚ ਬਹਿਸ ਹੋ ਗਈ ਕਿ ਦੂਜੇ ਮਿਸ਼ਨਰੀ ਦੌਰੇ ਤੇ ਉਹ ਯੂਹੰਨਾ ਮਰਕੁਸ ਨੂੰ ਨਾਲ ਲਿਜਾਣ ਜਾਂ ਨਹੀਂ।

ਸਾਫ਼ ਹੈ ਕਿ ਖ਼ੁਦਾ ਨੇ ਉਨ੍ਹਾਂ ਉੱਤੇ ਇਹ ਜ਼ਾਹਿਰ ਨਹੀਂ ਕੀਤਾ ਸੀ ਕਿ ਦੋਹਾਂ ਵਿੱਚੋਂ ਕਿਹੜਾ ਸਹੀ ਸੀ।

ਨਵਾਂ ਨੇਮ ਇਹ ਸਾਫ਼ ਕਰ ਦਿੰਦਾ ਹੈ ਕਿ ਪ੍ਰਭੂ ਨੇ ਜਦ ਕਿਸੇ ਖ਼ਾਸ ਬੰਦੇ ਨੂੰ ਇੰਜੀਲ ਦੱਸਣੀ ਚਾਹੀ ਤਾਂ ਉਸ ਨੇ ਉਸ ਸ਼ਖ਼ਸ ਕੋਲ ਖੁਸ਼ਖ਼ਬਰੀ ਸੁਣਾਉਣ ਵਿਚ ਕਿਸੇ ਬੰਦੇ ਨੂੰ ਹੀ ਭੇਜਿਆ ਸੀ। ਉਸਨੇ ਹਬਸ਼ੀ ਖੋਜੇ ਕੋਲ ਫ਼ਿਲਿੱਪੁਸ ਨੂੰ (ਰਸੂਲਾਂ ਦੇ ਕੰਮ 8) ਅਤੇ ਕੁਰਨੇਲਿਉਸ ਕੋਲ ਪਤਰਸ ਨੂੰ ਭੇਜਿਆ (ਰਸੂਲਾਂ ਦੇ ਕੰਮ 10)। ਉਸ ਨੇ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਸਿੱਧੇ ਤੌਰ ਤੇ ਦਖਲ ਦੇ ਕੇ ਜਾਂ ਚਮਤਕਾਰੀ ਢੰਗ ਨਾਲ ਅਗਵਾਈ ਕਰ ਕੇ ਨਹੀਂ ਬਚਾਇਆ।

ਜੇ ਤੁਸੀਂ ਆਤਮਾ ਦੀ ਅਗਵਾਈ ਨਾਲ ਬਚਾਏ ਜਾਣਾ ਚਾਹੁੰਦੇ ਹੋ ਤਾਂ ਆਤਮਾ ਦੇ ਚਮਤਕਾਰੀ ਢੰਗ ਨਾਲ ਕੰਮ ਕਰਨ ਦੀ ਉਮੀਦ ਨਾ ਕਰੋ। ਬਲਕਿ ਕੁਰਨੇਲਿਉਸ ਵਾਂਗ ਕਿਸੇ ਹੋਰ ਦੀ ਰਾਹ ਤੱਕੋ ਜੋ ਤੁਹਾਨੂੰ ਆ ਕੇ ਦੱਸੇ ਕਿ ਬਚਾਏ ਜਾਣ ਲਈ ਕੀ ਕਰਨਾ ਜ਼ਰੂਰੀ ਹੈ (ਰਸੂਲਾਂ ਦੇ ਕੰਮ 11:14)

### ਕਲਾਮ ਦੇ ਖ਼ਾਸ ਮੁਕਾਸ਼ਫ਼ੇ ਨਾਲ?

ਹੋ ਸਕਦਾ ਹੈ ਕਿ ਅਸੀਂ ਇਹ ਪੁੱਛੀਏ ਕਿ ਫਿਰ ਭਲਾ ਆਤਮਾ ਸਾਡੀ ਅਗਵਾਈ ਕਲਾਮ ਦੇ ਖ਼ਾਸ ਮੁਕਾਸ਼ਫ਼ੇ ਨਾਲ ਕਰਦਾ ਹੈ? ਕਈਆਂ ਦਾ ਮੰਨਣਾ ਹੈ ਕਿ ਤੁਹਾਨੂੰ ਬਚਾਏ ਜਾਣ ਲਈ ਆਤਮਾ ਦੇ ਖ਼ਾਸ ਮੁਕਾਸ਼ਫ਼ੇ ਦੀ ਲੋੜ ਤਾਂ ਨਹੀਂ ਹੈ, ਪਰ ਬਾਈਬਲ ਨੂੰ ਸਮਝਣ ਲਈ ਖ਼ਾਸ ਮੁਕਾਸ਼ਫ਼ੇ ਦਾ ਮਿਲਣਾ ਜ਼ਰੂਰੀ ਹੈ। ਭਲਾ ਇਹ ਸਹੀ ਹੈ?

ਬਾਈਬਲ ਨੂੰ ਸਮਝਣ ਲਈ ਖ਼ੁਦਾ ਤੋਂ ਮਦਦ ਮੰਗਦੇ ਹੋਏ ਦੁਆ ਕਰਦਿਆਂ ਇਸ ਦਾ ਅਧਿਐਨ ਕਰਨਾ ਚਾਹੀਦਾ ਹੈ। (ਉਦਾਹਰਣ ਲਈ ਵੇਖੋ, ਯਾਕੂਬ 1:5.) ਪਰ ਅਸੀਂ ਜੋ ਕਹਿਣਾ ਚਾਹੁੰਦੇ ਹਾਂ ਉਹ ਇਸ ਨਾਲੋਂ ਅੱਗੇ ਹੈ। ਇਹ ਆਤਮਾ ਦਾ ਸਿੱਧਾ ਦਖਲ ਦੇਣਾ ਹੈ, ਜਿਸ ਦੇ ਬਗੈਰ ਬਾਈਬਲ ਨੂੰ ਸਮਝਿਆ ਨਹੀਂ ਜਾ ਸਕਦਾ, ਅਤੇ ਇਹ ਮਿਲ ਜਾਣ ਤੇ ਪਲ ਵਿਚ ਸਭ ਕੁਝ ਸਪੱਸ਼ਟ ਹੋ ਜਾਂਦਾ ਹੈ। ਭਲਾ ਅਜਿਹੇ ਮੁਕਾਸਫ਼ੇ ਦੀ ਲੋੜ ਹੈ?

ਨਹੀਂ, ਇਸ ਦੀ ਲੋੜ ਨਹੀਂ ਹੈ। ਕਿਉਂਕਿ ਪਵਿੱਤਰ ਆਤਮਾ ਨੇ ਤਾਂ ਪਹਿਲਾਂ ਹੀ ਸਾਨੂੰ ਜਿਹੜੀ ਕਿਤਾਬ ਦਿੱਤੀ ਹੈ ਅਸੀਂ ਉਸ ਨੂੰ ਸਮਝ ਸਕਦੇ ਹਾਂ! ਬਾਈਬਲ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਇਹ ਇਸ ਕਰਕੇ ਦਿੱਤੀ ਗਈ ਸੀ ਤਾਂ ਜੋ ਲੋਕ ਇਸ ਨੂੰ ਪੜ੍ਹ ਕੇ ਸਮਝ ਸਕਣ। ਪੌਲੁਸ ਨੇ ਆਖਿਆ, ''ਜਿਸ ਤੋਂ ਤੁਸੀਂ ਪੜ੍ਹ ਕੇ ਜਾਣ ਸਕਦੇ ਹੋ ਜੋ ਮਸੀਹ ਦੇ ਭੇਤ ਵਿਚ ਮੇਰੀ ਸਮਝ ਕਿੰਨੀ ਹੈ'' (ਅਫ਼ਸੀਆਂ 3:4)। ਪੌਲੁਸ ਨੇ ਅਫ਼ਸੁਸ ਦੇ ਲੋਕਾਂ ਤੋਂ ਉਮੀਦ ਕੀਤੀ ਕਿ ਜੋ ਕੁਝ ਉਸ ਨੇ ਲਿਖਿਆ ਸੀ ਉਹ ਉਸ ਨੂੰ ਸਮਝ ਲੈਣਗੇ। ਉਸਨੇ ਉਨ੍ਹਾਂ ਨੂੰ ਇਸ ਨੂੰ ਸਮਝਣ ਲਈ ਚਮਤਕਾਰੀ ਮਦਦ ਜਾਂ ਇਲਾਹੀ ਮੁਕਾਸ਼ਫ਼ੇ ਦੀ ਲੋੜ ਦੀ ਉਮੀਦ ਨਹੀਂ ਕੀਤੀ। ਅਸਲ ਵਿਚ ਬਾਈਬਲ ਪੜ੍ਹਨ ਤੇ ਸਾਨੂੰ ਪਤਾ ਲੱਗੇਗਾ ਕਿ ਕੁਝ ਗੱਲਾਂ ਅਜਿਹੀਆਂ ਹੋਣਗੀਆਂ (ਨਾ ਤਾਂ ਹਰ ਗੱਲ ਅਤੇ ਨਾ ਜ਼ਿਆਦਾਤਰ ਗੱਲਾਂ, 2 ਪਤਰਸ 3:15 ਤੋਂ) ਜੋ ਸਮਝਣੀਆਂ ਮੁਸ਼ਕਿਲ ਹੋਣਗੀਆਂ, ਪਰ ਅਸੀਂ ਵੇਖਦੇ ਹਾਂ ਕਿ ਬਾਈਬਲ ਦੀਆਂ ਜ਼ਿਆਦਾਤਰ ਗੱਲਾਂ ਅਸਾਨੀ ਨਾਲ ਸਮਝੀਆਂ ਜਾ ਸਕਦੀਆਂ ਹਨ।

ਮੰਨ ਲਓ ਕਿ ਬਾਈਬਲ ਨੂੰ ਸਮਝਣ ਲਈ ਪਵਿੱਤਰ ਆਤਮਾ ਦਾ ਖ਼ਾਸ ਮੁਕਾਸ਼ਫ਼ਾ ਜ਼ਰੂਰੀ ਹੈ। ਇਸ ਦਾ ਮਤਲਬ ਇਹ ਹੋਵੇਗਾ ਕਿ ਪਵਿੱਤਰ ਆਤਮਾ ਦੀਆਂ ਗੱਲਾਂ ਨੂੰ ਸਮਝਣ ਲਈ ਸਾਨੂੰ ਓਸੇ ਦੀ ਹੀ ਲੋੜ ਹੋਵੇਗੀ। ਕਿਉਂਕਿ ਬਾਈਬਲ ਸਾਨੂੰ ਪਵਿੱਤਰ ਆਤਮਾ ਵੱਲੋਂ ਹੀ ਮਿਲੀ ਹੈ (ਵੇਖੋ 2 ਤਿਮੋਥਿਉਸ 3:16, 17; 2 ਪਤਰਸ 1:20, 21)। ਬਚਾਏ ਜਾਣ ਲਈ ਸਾਨੂੰ ਦੋਹਰੀ ਪ੍ਰੇਰਣਾ ਨਾਲ ਦਿੱਤੇ ਗਏ ਸੰਦੇਸ਼ਾਂ ਦੀ ਲੋੜ ਹੋਵੇਗੀ! ਭਲਾ ਇਹ ਮੰਨ ਲੈਣਾ ਤਰਕਸੰਗਤ ਹੈ ਕਿ ਜੇ ਬਾਈਬਲ ਆਤਮਾ ਦੀ ਪ੍ਰੇਰਣਾ ਨਾਲ ਦਿੱਤੀ ਗਈ ਹੈ ਤਾਂ ਉਸ ਨੇ ਐਨਾ ਨਿਕੰਮਾ ਕੰਮ ਕੀਤਾ ਹੈ ਕਿ ਆਪਣੇ ਪਾਠਕਾਂ ਨੂੰ ਸਮਝਾਉਣ ਲਈ ਉਸ ਨੂੰ ਉਨ੍ਹਾਂ ਨੂੰ ਫੇਰ ਤੋਂ ਪ੍ਰੇਰਣਾ ਦੇਣਾ ਜ਼ਰੂਰੀ ਹੈ?

ਪਹਿਲੀ ਸਦੀ ਵਿਚ ਰਸੂਲਾਂ ਦੀਆਂ ਗੱਲਾਂ ਨੂੰ ਸਮਝਣ ਲਈ ਕਿਸੇ ਖ਼ਾਸ ਮੁਕਾਸ਼ਫ਼ੇ ਦੀ ਲੋੜ ਨਹੀਂ ਹੁੰਦੀ ਸੀ। ਪੈਂਟੀਕਾਸਟ ਵਾਲੇ ਦਿਨ ਜਦ ਪਤਰਸ ਨੇ ਲੋਕਾਂ ਨੂੰ ਤੌਬਾ ਕਰਨ ਅਤੇ ਬਪਤਿਸਮਾ ਲੈਣ ਲਈ ਆਖਿਆ ਸੀ ਤਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਆ ਗਿਆ ਸੀ (ਰਸੂਲਾਂ ਦੇ ਕੰਮ 2:38)। ਹੁਣ ਸਮਝ ਆਉਣ ਜਾਂ ਨਾ ਆਉਣ ਵਾਲੀ ਕੋਈ ਗੱਲ ਨਹੀਂ ਸੀ, ਬਲਕਿ ਉਸ ਸੰਦੇਸ਼ ਨੂੰ ਮੰਨਣ ਜਾਂ ਨਾ ਮੰਨਣ ਦੀ ਗੱਲ ਸੀ। ਇਹੀ ਦਿੱਕਤ ਅੱਜ ਹੈ: ਸੰਦੇਸ਼ ਤਾਂ ਸਮਝ ਵਿਚ ਆ ਸਕਦਾ ਹੈ ਪਰ ਕੁਝ ਲੋਕਾਂ ਨੂੰ ਉਹਨੂੰ ਕਬੂਲ ਕਰਨਾ ਚੰਗਾ ਨਹੀਂ ਲਗਦਾ।

ਜਦ ਲੋਕ ਆਤਮਾ ਦੇ ਮੁਕਾਸ਼ਫ਼ੇ ਦੀ ਭਾਲ ਦਾ ਦਾਅਵਾ ਕਰਦੇ ਹਨ ਤਾਂ ਅਸਲ ਵਿਚ ਉਹ ਬਾਈਬਲ ਨੂੰ ਸਮਝਣ ਵਿਚ ਮਦਦ ਲੈਣ ਵਿਚ ਦਿਲਚਸਪੀ ਨਹੀਂ ਲੈ ਰਹੇ ਹੁੰਦੇ। ਉਹ ਇਸ ਉਮੀਦ ਵਿਚ ਹਨ ਕਿ ਕੋਈ ਉਨ੍ਹਾਂ ਦੇ ਵਿਸ਼ਵਾਸ ਨੂੰ ਜੋ ਉਹ ਪਹਿਲਾਂ ਤੋਂ ਕਰਦੇ ਆ ਰਹੇ ਹਨ, ਆ ਕੇ ਸਹੀ ਠਹਿਰਾ ਦਏ! ਜਿਸ ਕਰਕੇ ਉਨ੍ਹਾਂ ਦੀ ਦੁਆ ਹੁੰਦੀ ਹੈ ''ਹੇ ਪ੍ਰਭੂ, ਮੈਨੂੰ ਇਸ ਨੂੰ ਉਵੇਂ ਹੀ ਸਮਝਣ ਵਿਚ ਮਦਦ ਕਰ ਜਿਵੇਂ ਮੈਂ ਇਸਨੂੰ ਮੰਨਦਾ ਹਾਂ।''

ਇਸ ਕਰਕੇ ਤੁਹਾਡੀ ਲੋੜ ਪਵਿੱਤਰ ਆਤਮਾ ਦਾ ਖ਼ਾਸ ਮੁਕਾਸ਼ਫ਼ਾ ਨਹੀਂ ਹੈ। ਬਲਕਿ ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਪਵਿੱਤਰ ਲਿਖਤ ਦੀਆਂ ਸਪਸ਼ੱਟ ਗੱਲਾਂ ਨੂੰ ਮੰਨ ਕੇ, ਉਸ ਤੇ ਯਕੀਨ ਕਰੋ ਅਤੇ ਉਸ ਦੀ ਗੱਲ ਨੂੰ ਮੰਨੋ।

## ਖ਼ੁਦਾ ਦੇ ਕਲਾਮ ਦੇ ਰਾਹੀਂ?

ਪਵਿੱਤਰ ਆਤਮਾ ਬਚਾਏ ਜਾਣ ਲਈ ਚਮਤਕਾਰੀ ਢੰਗ ਨਾਲ ਜਾਂ ਕਲਾਮ ਦੇ ਖ਼ਾਸ ਮੁਕਾਸ਼ਫ਼ੇ ਨਾਲ ਅਗਵਾਈ ਕਰਨ ਨਾਲੋਂ ਖ਼ੁਦਾ ਦੇ ਕਲਾਮ ਭਾਵ ਬਾਈਬਲ ਦੇ ਰਾਹੀਂ ਅਗਵਾਈ ਕਰਦਾ ਹੈ।

ਰਸੂਲਾਂ ਨਾਲ ਕੀਤੇ ਗਏ ਵਾਅਦੇ ਤੇ ਧਿਆਨ ਦਿਓ: ''ਉਹ [ਪਵਿੱਤਰ ਆਤਮਾ] ਆਣ ਕੇ ਜਗਤ ਨੂੰ ਪਾਪ, ਧਰਮ ਅਰ ਨਿਆਉਂ ਦੇ ਵਿਖੇ ਕਾਇਲ ਕਰੇਗਾ। ਪਾਪ ਦੇ ਵਿਖੇ ਇਸ ਲਈ ਜੋ ਓਹ ਮੇਰੇ ਉੱਤੇ ਨਿਹਚਾ ਨਹੀਂ ਕਰਦੇ ਹਨ'' (ਯੂਹੰਨਾ 16:8, 9)। ਬਚਾਏ ਜਾਣ ਲਈ ਸਾਡਾ ਪਾਪ, ਧਾਰਮਿਕਤਾ ਅਤੇ ਨਿਆਂ ਦੇ ਵਿਖੇ ਕਾਇਲ ਹੋਣਾ ਲਾਜ਼ਮੀ ਹੈ! ਪਰ ਨਵੇਂ ਨੇਮ ਦੇ ਵਕਤ ਪਵਿੱਤਰ ਆਤਮਾ ਲੋਕਾਂ ਨੂੰ ਕਿਵੇਂ ਕਾਇਲ ਕਰਦਾ ਸੀ? ਰਸੂਲਾਂ ਦੇ ਕੰਮ 2 ਅਧਿਆਇ ਵਿਚ ਅਸੀਂ ਪੜ੍ਹਦੇ ਹਾਂ ਕਿ ਪਤਰਸ ਨੇ ਪ੍ਰਚਾਰ ਕੀਤਾ ਕਿ ਯਿਸੂ ਹੀ ਮਸੀਹ ਵੀ ਹੈ ਅਤੇ ਪ੍ਰਭੂ ਵੀ। ਇਸ ਦਾ ਕੀ ਨਤੀਜਾ ਹੋਇਆ? ਲੋਕ ਪਾਪ ਵਿਖੇ ਕਾਇਲ ਹੋ ਗਏ। ''ਜਾਂ ਉਨ੍ਹਾਂ ਨੇ ਇਹ ਸੁਣਿਆ ਤਾਂ ਉਨ੍ਹਾਂ ਦੇ ਦਿਲ ਛਿਦ ਗਏ ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ ਅਸੀਂ ਕੀ ਕਰੀਏ'' (ਰਸੂਲਾਂ ਦੇ ਕੰਮ 2:37)। ਉਹ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਕੀਤੇ ਗਏ ਪ੍ਰਚਾਰ ਨਾਲ ਕਾਇਲ ਹੋ ਗਏ! ਹੈਰਾਨੀ ਦੀ ਗੱਲ ਨਹੀਂ ਕਿ ਪੌਲੁਸ ਨੇ ਕਿਹਾ ਕਿ ''... ਆਤਮਾ ਦੀ ਤਲਵਾਰ ਪਰਮੇਸ਼ੁਰ ਦਾ ਵਚਨ ਹੈ ...'' (ਅਫ਼ਸੀਆਂ 6:17)। ਆਤਮਾ ਆਪਣੀ ਤਲਵਾਰ ਭਾਵ ਖ਼ੁਦਾ ਦੇ ਵਚਨ ਦੀ ਵਰਤੋਂ ਛੇਦਣ ਅਤੇ ਕਾਇਮ ਕਰਨ ਲਈ ਲੋਕਾਂ ਨੂੰ ਬਚਾਏ ਜਾਣ ਤਕ ਲਿਜਾਣ ਵਿਚ ਕਰਦਾ ਹੈ।

ਬਾਈਬਲ ਕਹਿੰਦੀ ਹੈ ਕਿ ਬਚਾਏ ਜਾਣ ਲਈ ਅਸੀਂ ਜਲ ਅਤੇ ਆਤਮਾ ਤੋਂ ਜਨਮ ਲੈਂਦੇ ਹਾਂ ਭਾਵ ਸਾਨੂੰ ਪਾਣੀ ਅਤੇ ਆਤਮਾ ਤੋਂ ਪੈਦਾ ਹੋਣਾ ਜ਼ਰੂਰੀ ਹੈ। ਇਸ ਕਰਕੇ ਅਸੀਂ ਆਤਮਾ ਤੋਂ ਜਨਮ ਲੈਂਦੇ ਹਾਂ (ਯੂਹੰਨਾ 3:5, 9)। ਪਰ ਬਾਈਬਲ ਇਹ ਵੀ ਦੱਸਦੀ ਹੈ ਕਿ ਸਾਡਾ ਨਵਾਂ ਜਨਮ ਵਚਨ ਦੇ ਰਾਹੀਂ ਹੁੰਦਾ ਹੈ। ''ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਵਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ'' (1 ਪਤਰਸ 1:23)।

ਇਸ ਤੋਂ ਇਲਾਵਾ ਬਾਈਬਲ ਕਹਿੰਦੀ ਹੈ ਕਿ ਸਾਨੂੰ ਆਤਮਾ ਵਿਚ ਪਵਿੱਤਰ ਕੀਤਾ ਜਾਂਦਾ ਹੈ: ''... ਤੁਸੀਂ ਧੋਤੇ ਗਏ ... ਤੁਸੀਂ ਪਵਿੱਤਰ ਕੀਤੇ ਗਏ ... ਤੁਸੀਂ ਧਰਮੀ ਠਹਿਰਾਏ ਗਏ''

(1 ਕੁਰਿੰਥੀਆਂ 6: 11)। ਇਹ ਦੱਸਦੀ ਹੈ ਕਿ ਸਾਨੂੰ ਕਲਾਮ ਜਾਂ ਵਚਨ ਨਾਲ ਪਵਿੱਤਰ ਕੀਤਾ ਜਾਂਦਾ ਹੈ। ਯਿਸੂ ਨੇ ਆਖਿਆ ''ਉਨ੍ਹਾਂ ਨੂੰ ਸਚਿਆਈ ਨਾਲ ਪਵਿੱਤਰ ਕਰ। ਤੇਰਾ ਵਚਨ ਸਚਿਆਈ ਹੈ'' (ਯੂਹੰਨਾ 17: 17)।

ਬਾਈਬਲ ਦੱਸਦੀ ਹੈ ਕਿ ਅਸੀਂ ਆਤਮਾ ਦੇ ਰਾਹੀਂ ਬਚਾਏ ਜਾਂਦੇ ਹਾਂ: ''ਉਸ ਨੇ ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਿਮ ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ ਸਾਨੂੰ ਬਚਾਇਆ'' (ਤੀਤੁਸ 3: 5)। ਬਾਈਬਲ ਇਹ ਵੀ ਕਹਿੰਦੀ ਹੈ ਕਿ ਅਸੀਂ ਵਚਨ ਦੇ ਰਾਹੀਂ ਬਚਾਏ ਜਾਂਦੇ ਹਾਂ ''... ਉਸ ਬੀਜੇ ਹੋਏ ਵਚਨ ਨੂੰ ਜਿਹੜਾ ਤੁਹਾਡੀਆਂ ਜਾਨਾਂ ਨੂੰ ਬਚਾ ਸਕਦਾ ਹੈ ਨਰਮਾਈ ਨਾਲ ਕਬੂਲ ਕਰ ਲਓ'' (ਯਾਕੂਬ 1:21)।

ਇਸ ਕਰਕੇ ਅਸੀਂ ਦਲੇਰੀ ਨਾਲ ਆਖ ਸਕਦੇ ਹਾਂ ਕਿ ਪਵਿੱਤਰ ਆਤਮਾ ਕਿਸੇ ਦੇ ਬਚਾਏ ਜਾਣ ਵਿਚ ਜੋ ਵੀ ਕਰਦਾ ਹੈ ਉਹ ਵਚਨ ਦੇ ਰਾਹੀਂ ਹੀ ਕਰਦਾ ਹੈ! ਭਲਾ ਤੁਸੀਂ ਪਵਿੱਤਰ ਆਤਮਾ ਦੇ ਰਾਹੀਂ ਬਚਾਏ ਜਾਣਾ ਚਾਹੁੰਦੇ ਹੋ ਤਾਂ ਤੁਹਾਨੂੰ ਉਸ ਵਚਨ ਦੇ ਰਾਹੀਂ ਚੱਲਣਾ ਪਵੇਗਾ ਜਿਸ ਦੀ ਪ੍ਰੇਰਣਾ ਪਵਿੱਤਰ ਆਤਮਾ ਨੇ ਦਿੱਤੀ ਹੈ।

## ਪਵਿੱਤਰ ਆਤਮਾ ਸਾਨੂੰ ਕਿੱਧਰ ਲਿਜਾਂਦਾ ਹੈ

ਪਵਿੱਤਰ ਆਤਮਾ ਸਾਨੂੰ ਕਿੱਧਰ ਲਿਜਾਂਦਾ ਹੈ? ਉਸ ਨੇ ਖ਼ੁਦਾ ਦਾ ਵਚਨ ਲਿਖੇ ਜਾਣ ਦੀ ਪ੍ਰੇਰਣਾ ਦਿੱਤੀ ਹੈ। ਉਹ ਸਾਨੂੰ ਉਸ ਵਚਨ ਕੋਲ ਲਿਜਾਂਦਾ ਹੈ। ਪਰ ਪਵਿੱਤਰ ਆਤਮਾ ਸਾਨੂੰ ਕੀ ਕਰਨ ਲਈ ਆਖਦਾ ਹੈ? ਇਸ ਦੇ ਜਵਾਬ ਲਈ ਨਵਾਂ ਨੇਮ ਪੜ੍ਹੋ।

### ਮਸੀਹ ਵਿਚ ਵਿਸ਼ਵਾਸ

ਪਹਿਲਾਂ, ਤਾਂ ਉਹ ਤੁਹਾਨੂੰ ਮਸੀਹ ਵਿਚ ਵਿਸ਼ਵਾਸ ਵਿਚ ਲਿਆਉਂਦਾ ਹੈ। ਯਿਸੂ ਨੇ ਆਖਿਆ ਕਿ ਸਹਾਇਕ ਭਾਵ ਪਵਿੱਤਰ ਆਤਮਾ ਨੇ ਉਨ੍ਹਾਂ ਦੀ ਗਵਾਹੀ ਦੇਣੀ ਸੀ (ਯੂਹੰਨਾ 15:26) ਅਤੇ ਯਿਸੂ ਦੀ ਵਡਿਆਈ ਕਰਨੀ ਸੀ (ਯੂਹੰਨਾ 16: 14)। ਅਸੀਂ ਵੇਖਦੇ ਹਾਂ ਕਿ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਦਿੱਤਾ ਗਿਆ ਵਚਨ (2 ਤਿਮੋਥਿਉਸ 3: 16, 17) ਸਾਨੂੰ ਯਕੀਨ ਦੁਆਉਂਦਾ ਹੈ: ''ਸੋ ਪਰਤੀਤ ਸੁਣਨ ਨਾਲ, ਅਤੇ ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ'' (ਰੋਮੀਆਂ 10: 17)। ਰਸੂਲਾਂ ਦੇ ਕੰਮ 2 ਵਿਚ ਪੈਂਟੀਕਾਸਟ ਵਾਲੇ ਦਿਨ ਪਤਰਸ ਦੇ ਪ੍ਰਚਾਰ ਨਾਲ ਲੋਕਾਂ ਨੂੰ ਵਿਸ਼ਵਾਸ ਹੋਇਆ। ਉਸ ਨੇ ਸੁਣਨ ਵਾਲਿਆਂ ਨੂੰ ਯਕੀਨ ਦੁਆ ਦਿੱਤਾ ਸੀ ਕਿ ਯਿਸੂ ਹੀ ਮਸੀਹ ਹੈ। ਤਦ ਵਿਸ਼ਵਾਸ ਕਰਨ ਵਾਲੇ ਉਹ ਲੋਕ ਪੁਕਾਰ ਉੱਠੇ ਸਨ ਕਿ ''ਅਸੀਂ ਕੀ ਕਰੀਏ?'' (ਰਸੂਲਾਂ ਦੇ ਕੰਮ 2:36, 37)।

### ਪਾਪ ਵਿਖੇ ਕਾਇਲ

ਦੂਜਾ, ਪਵਿੱਤਰ ਆਤਮਾ ਤੁਹਾਨੂੰ ਪਾਪ ਦੇ ਵਿਖੇ ਕਾਇਲ ਕਰਦਾ ਹੈ। ਪੈਂਟੀਕਾਸਟ ਵਾਲੇ ਦਿਨ ਇਹੀ ਹੋਇਆ ਸੀ (ਰਸੂਲਾਂ ਦੇ ਕੰਮ 2)। ਯਿਸੂ ਵਿਚ ਵਿਸ਼ਵਾਸ ਕਰਨ ਦੇ ਬਾਅਦ ਲੋਕਾਂ ਦੇ ''ਦਿਲ ਛਿਦ ਗਏ'' ਸਨ। ਉਹ ਪਾਪ ਦੇ ਵਿਖੇ ਕਾਇਲ ਹੋ ਗਏ ਸਨ ਅਤੇ ਉਨ੍ਹਾਂ ਨੂੰ ਸਮਝ ਆ ਗਿਆ ਸੀ ਕਿ ਉਹ ਕਿਸੇ ਪਾਪੀ ਜਾਂ ਕੁਫ਼ਰ ਬਕਣ ਵਾਲੇ ਨੂੰ ਨਹੀਂ ਬਲਕਿ ਖ਼ੁਦਾ ਦੇ ਪੁੱਤਰ ਭਾਵ ਮਸੀਹਾ ਨੂੰ ਹੀ ਸਲੀਬ ਦੇਣ ਦੇ ਕਸੂਰਵਾਰ ਸਨ। ਉਨ੍ਹਾਂ ਨੂੰ ਆਪਣੀ ਗਲਤੀ ਮੰਨ ਲੈਣੀ ਚਾਹੀਦੀ ਸੀ! ਪਰ ਉਹੀ ਇਕੱਲ੍ਹੇ ਨਹੀਂ ਸਨ। ਸਾਡੇ ਲਈ ਵੀ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਅਸੀਂ ਵੀ ਮਸੀਹ ਨੂੰ ਸਲੀਬ ਦੇਣ ਦੇ ਕਸੂਰਵਾਰ ਸਾਂ! ਉਹ ਸਾਡੇ ਵੀ ਪਾਪਾਂ ਲਈ ਮਾਰਿਆ ਗਿਆ। ਸਾਨੂੰ ਵੀ ਆਪਣੇ ਪਾਪਾਂ ਵਿਖੇ ਕਾਇਲ ਹੋਣਾ ਜ਼ਰੂਰੀ ਹੈ! ਜੇ ਅਸੀਂ ਆਪਣੇ ਪਾਪ ਵਿਖੇ ਕਾਇਲ ਨਹੀਂ ਹੋਏ ਹਾਂ ਤਾਂ ਅਸੀਂ ਉਸ

ਵਚਨ ਨੂੰ ਸੁਣਨ ਤੋਂ ਮੁੱਕਰ ਰਹੇ ਹਾਂ!

**ਤੌਬਾ**

ਨਵਾਂ ਨੇਮ ਪੜ੍ਹਨ ਤੇ ਤੀਜੀ ਗੱਲ ਤੁਹਾਨੂੰ ਮਿਲਦੀ ਹੈ ਕਿ ਪਵਿੱਤਰ ਆਤਮਾ ਤੌਬਾ ਕਰਨ ਵਿਚ ਤੁਹਾਡੀ ਅਗਵਾਈ ਕਰਦਾ ਹੈ। ਜਦ ਲੋਕਾਂ ਨੇ ਵਿਸ਼ਵਾਸ ਕਰ ਲਿਆ ਅਤੇ ਆਪੋ ਪਾਪਾਂ ਨੂੰ ਮੰਨ ਲਿਆ, ਤਾਂ ਪਤਰਸ ਨੇ ਉਨ੍ਹਾਂ ਨੂੰ ਤੌਬਾ ਕਰਨ ਲਈ ਆਖਿਆ (ਰਸੂਲਾਂ ਦੇ ਕੰਮ 2:38)। ਇਹ ਤੌਬਾ ਦੇ ਵਿਖੇ ਕਾਇਲ ਹੋਣਾ ਨਹੀਂ ਬਲਕਿ ਉਸ ਕਾਇਲ ਹੋਣ ਦਾ ਨਤੀਜਾ ਹੈ। ਇਹ ਮੁੜ ਪਾਪ ਨਾ ਕਰਨ ਦਾ ਇਰਾਦਾ ਹੈ। ਅੱਜ ਲੋਕਾਂ ਲਈ ਖ਼ੁਦਾ ਦਾ ਇਹੀ ਸੁਨੇਹਾ ਹੈ: ''ਪਰਮੇਸ਼ੁਰ ਨੇ ਅਣਜਾਣਪੁਣੇ ਦੇ ਸਮਿਆਂ ਵੱਲੋਂ ਅੱਖੀਆਂ ਫੇਰ ਲਈਆਂ ਸਨ ਪਰ ਹੁਣ ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਓਹ ਸਭ ਹਰੇਕ ਥਾਂ ਤੌਬਾ ਕਰਨ'' (ਰਸੂਲਾਂ ਦੇ ਕੰਮ 17:30)। ਕਿਉਂਕਿ ਸਭ ਲਈ ਤੌਬਾ ਕਰਨਾ ਜ਼ਰੂਰੀ ਹੈ, ਇਸ ਕਰਕੇ ਮੰਨ ਲਓ ਕਿ ਉਹ ਸੁਨੇਹਾ ਪਵਿੱਤਰ ਆਤਮਾ ਦਾ ਹੀ ਹੈ ਕਿ ਤੁਸੀਂ ਤੌਬਾ ਕਰੋ!

**ਮਾਫ਼ੀ ਲਈ ਡੁਬਕੀ**

ਇਸਦੇ ਬਾਅਦ ਨਵਾਂ ਨੇਮ ਪੜ੍ਹਨ ਤੇ ਤੁਹਾਨੂੰ ਪਤਾ ਲਗਦਾ ਹੈ ਕਿ ਪਵਿੱਤਰ ਆਤਮਾ ਪਾਪ ਦੀ ਮਾਫ਼ੀ ਲਈ ਡੁਬਕੀ ਭਾਵ ਪਾਪਾਂ ਤੋਂ ਮਾਫ਼ੀ ਪਾਉਣ ਲਈ ਪਾਣੀ ਵਿਚ ਬਪਤਿਸਮੇ ਲਈ ਤੁਹਾਡੀ ਅਗਵਾਈ ਕਰਦਾ ਹੈ। ਇਸ ਡੁਬਕੀ ਦਾ ਸਬੰਧ ਪਵਿੱਤਰ ਆਤਮਾ ਨਾਲ ਹੀ ਰਿਹਾ ਹੈ। ਯੂਹੰਨਾ 3:5 ਨੂੰ ਯਾਦ ਕਰੋ ਜਿੱਥੇ ਯਿਸੂ ਨੇ ਕਿਹਾ ਕਿ ਸਾਡੇ ਲਈ ਜਲ ਅਤੇ ਆਤਮਾ ਤੋਂ ਜਨਮ ਲੈਣਾ ਜ਼ਰੂਰੀ ਹੈ। ਇੱਥੇ ''ਆਤਮਾ'' ਯਕੀਨਨ ਪਵਿੱਤਰ ਆਤਮਾ ਨੂੰ ਹੀ ਕਿਹਾ ਗਿਆ ਹੈ ਅਤੇ ''ਜਲ'' ਪਾਣੀ ਦੇ ਬਪਤਿਸਮੇ ਨੂੰ। ਇਸ ਕਰਕੇ ਆਤਮਾ ਤੋਂ ਜਨਮ ਲੈਣ ਤੋਂ ਭਾਵ, ਪਾਣੀ ਵਿਚ ਬਪਤਿਸਮਾ ਲੈਣਾ ਹੀ ਹੈ। ਪੈਂਟੀਕਾਸਟ ਵਾਲੇ ਦਿਨ ਪਤਰਸ ਨੇ ਪਵਿੱਤਰ ਆਤਮਾ ਦੀਆਂ ਗੱਲਾਂ ਦਾ ਹੀ ਪ੍ਰਚਾਰ ਕੀਤਾ ਸੀ। ਉਸਨੇ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਲੋਕਾਂ ਨੂੰ ਬਚਾਏ ਜਾਣ ਲਈ ਕੀ ਕਰਨ ਨੂੰ ਆਖਿਆ ਸੀ? ''ਤੌਬਾ ਕਰੋ, ... ਆਪੋ ਆਪਣੇ ਪਾਪਾਂ ਦੀ ਮਾਫ਼ੀ ਲਈ ... ਬਪਤਿਸਮਾ ਲਵੋ'' (ਰਸੂਲਾਂ ਦੇ ਕੰਮ 2:38)। ਪਵਿੱਤਰ ਆਤਮਾ ਨੇ ਪੈਂਟੀਕਾਸਟ ਵਾਲੇ ਦਿਨ ਬਪਤਿਸਮਾ ਲੈਣ ਵਾਲੇ ਲੋਕਾਂ ਦੀ ਅਗਵਾਈ ਕਰਨ ਵਾਂਗ ਹੀ ਰਸੂਲਾਂ ਦੇ ਕੰਮ ਵਿਚ ਅਤੇ ਹਰ ਮਨਬਦਲੀ ਵਿਚ ਵੀ ਜਿਸਦਾ ਵੇਰਵਾ ਨਵੇਂ ਨੇਮ ਵਿਚ ਮਿਲਦਾ ਹੈ, ਮਸੀਹੀ ਬਣਨ ਵਾਲਿਆਂ ਦੀ ਬਪਤਿਸਮਾ ਲੈਣ ਵਿਚ ਅਗਵਾਈ ਕੀਤੀ ਸੀ! ਰਸੂਲਾਂ ਦੇ ਕੰਮ ਕਿਤਾਬ ਵਿਚ ਬਪਤਿਸਮਾ ਦਿੱਤਾ ਗਿਆ ਸੀ। ਜੇ ਪਵਿੱਤਰ ਆਤਮਾ ਨੇ ਬਚਾਏ ਜਾਣ ਲਈ ਉਨ੍ਹਾਂ ਨੂੰ ਬਪਤਿਸਮਾ ਲੈਣ ਵਿਚ ਅਗਵਾਈ ਦਿੱਤੀ ਸੀ ਤਾਂ ਅੱਜ ਵੀ ਆਤਮਾ ਸਾਨੂੰ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈਣ ਦੀ ਬੇਨਤੀ ਕਰਦਾ ਹੈ!

**ਮਸੀਹ ਦੀ ਕਲੀਸੀਆ**

ਨਵੇਂ ਨੇਮ ਨੂੰ ਪੜ੍ਹਨ ਤੇ ਪੰਜਵੀਂ ਗੱਲ ਤੁਹਾਨੂੰ ਮਿਲੇਗੀ ਕਿ ਪਵਿੱਤਰ ਆਤਮਾ ਲੋਕਾਂ ਨੂੰ ਮਸੀਹ ਦੀ ਕਲੀਸੀਆ ਵਿਚ ਲਿਆਉਂਦਾ ਹੈ। ਪੈਂਟੀਕਾਸਟ ਵਾਲੇ ਦਿਨ ਦੀਆਂ ਘਟਨਾਵਾਂ ਦਾ ਨਤੀਜਾ ਇਹੀ ਹੋਇਆ ਸੀ। ਪਵਿੱਤਰ ਆਤਮਾ ਦੇ ਨੇਮ ਨੂੰ ਮੰਨ ਲੈਣ ਵਾਲਿਆਂ ਨੇ ਬਪਤਿਸਮਾ ਲਿਆ ਸੀ ਅਤੇ ਉਨ੍ਹਾਂ ਨੂੰ ਜਿਨ੍ਹਾਂ ਵਚਨ ਸੁਣਿਆ ਸੀ ਉਨ੍ਹਾਂ ਵਿਚ ''ਰਲਾ ਲਿਆ'' ਗਿਆ ਸੀ ਜਿਨ੍ਹਾਂ ਤੋਂ ਉਨ੍ਹਾਂ ਨੇ ਵਚਨ ਸੁਣਿਆ ਸੀ (ਰਸੂਲਾਂ ਦੇ ਕੰਮ 2:41) ਰਸੂਲਾਂ ਦੇ ਕੰਮ 2:47 ਵਿਚ ਅਸੀਂ ਪੜ੍ਹਦੇ ਹਾਂ ਕਿ ਪ੍ਰਭੂ ਬਚਾਏ ਜਾਣ ਵਾਲਿਆਂ ਨੂੰ ਰੋਜ਼ ਆਪਣੀ ਕਲੀਸੀਆ ਵਿਚ ਰਲਾ ਲੈਂਦਾ ਸੀ (KJV)। ''ਕਲੀਸੀਆ'' ਵਾਸਤੇ ਮੂਲ ਵਿਚ ਸ਼ਬਦ ਨਹੀਂ ਹੈ, ਪਰ ਉਸ ਦਾ ਵਿਚਾਰ ਜ਼ਰੂਰ ਹੈ। ਇਸਦੇ ਬਾਅਦ

ਤੋਂ ਹੀ ਕਲੀਸੀਆ ਦੇ ਹੋਂਦ ਵਿਚ ਹੋਣ ਦਾ ਵਰਣਨ ਮਿਲਦਾ ਹੈ ਅਤੇ ਬਪਤਿਸਮਾ ਲੈਣ ਵਾਲਿਆਂ ਨੂੰ ਇਸ ਵਿਚ ਰਲਾ ਲਿਆ ਜਾਂਦਾ ਸੀ। 1 ਕੁਰਿੰਥੀਆਂ 12:13 ਵਿਚ ਪੌਲੁਸ ਨੇ ਇਸ ਬਾਰੇ ਕਿਹਾ ਸੀ: ''ਕਿਉਂ ਜੋ ਅਸਾਂ ਸਭਨਾਂ ਨੂੰ ... ਇਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ...।'' ਇੱਥੇ ਸਰੀਰ ਕਲੀਸੀਆ ਨੂੰ ਆਖਿਆ ਗਿਆ ਹੈ (ਅਫ਼ਸੀਆਂ 1:22, 23)। ਇਹ ਸਰੀਰ ਜਾਂ ਕਲੀਸੀਆ ਕੌਣ ਸੀ? ਇਹ ਉਹੀ ਇੱਕੋ ਕਲੀਸੀਆ ਹੈ (ਅਫ਼ਸੀਆਂ 4:5)। ਇਹ ਮਨੁੱਖਾਂ ਦੀ ਬਣਾਈ ਕੋਈ ਕਲੀਸੀਆ ਨਹੀਂ ਬਲਕਿ ਮਸੀਹ ਦੀ ਬਣਾਈ ਕਲੀਸੀਆ ਹੈ! (ਮੱਤੀ 16:18)। ਪਾਪਾਂ ਦੀ ਮਾਫ਼ੀ ਪਾਉਣ ਲਈ ਬਪਤਿਸਮਾ ਲੈਣ ਲਈ ਆਤਮਾ ਦੀ ਅਗਵਾਈ ਵਿਚ ਚੱਲਣ ਤੇ ਆਤਮਾ ਤੁਹਾਨੂੰ ਪ੍ਰਭੂ ਦੀ ਕਲੀਸੀਆ ਵਿਚ ਲਿਜਾਂਦਾ ਹੈ। ਉਸ ਕਲੀਸੀਆ ਵਿਚ ਪਵਿੱਤਰ ਆਤਮਾ ਦੇ ਰਾਹੀਂ ਬਹੁਤ ਸਾਰੀਆਂ ਬਰਕਤਾਂ ਅਤੇ ਜ਼ਿੰਮੇਵਾਰੀਆਂ ਤੁਹਾਨੂੰ ਜ਼ਿੰਦਗੀ ਭਰ ਬੰਦਗੀ ਕਰਨ ਅਤੇ ਵਿਸ਼ਵਾਸ ਨਾਲ ਕੰਮ ਕਰਨ ਦੀ ਜ਼ਿੰਮੇਵਾਰੀ ਮਿਲਦੀ ਹੈ। ਪਰ ਤੁਸੀਂ ਪੱਕਾ ਜਾਣ ਸਕਦੇ ਹੋ ਕਿ ਤੁਸੀਂ ਇੱਥੇ ਬਚਾਏ ਹੋਇਆਂ ਵਿਚ ਅਤੇ ਖ਼ੁਦਾ ਦੇ ਫ਼ਜ਼ਲ ਨਾਲ ਉਸ ਦੇ ਵਚਨ ਮੁਤਾਬਿਕ ਚੱਲਦੇ ਰਹੇ ਤਾਂ ਤੁਹਾਨੂੰ ਸੁਰਗ ਵਿਚ ਘਰ ਮਿਲਣਾ ਤੈਅ ਹੈ।

ਇੱਥੇ ਕੋਈ ਇਤਰਾਜ਼ ਕਰ ਸਕਦਾ ਹੈ ਕਿ 'ਆਤਮਾ ਨੇ ਤਾਂ ਮੈਨੂੰ ਇਸ ਤੋਂ ਫ਼ਰਕ ਗੱਲ ਵਿਚ ਅਗਵਾਈ ਦਿੱਤੀ ਸੀ।'' ਸ਼ਾਇਦ ਤੁਹਾਨੂੰ ਲਗਦਾ ਹੈ, ਉਸ ਨੇ ਬਚਾਏ ਜਾਣ ਦੀ ਥਾਂ ਕੁਝ ਹੋਰ ਕਰਨ ਲਈ ਤੁਹਾਡੀ ਅਗਵਾਈ ਕੀਤੀ, ਜਾਂ ਉਸਨੇ ਕਿਸੇ ਹੋਰ ਸਰੀਰ (ਦੇਹ) ਜਾਂ ਡਿਨੋਮੀਨੇਸ਼ਨ ਵਿਚ ਜਾਣ ਲਈ ਤੁਹਾਡੀ ਅਗਵਾਈ ਕੀਤੀ।

ਸ਼ਾਇਦ ਤੁਸੀਂ ਸਹੀ ਕਹਿ ਰਹੇ ਹੋ ਕਿ ਆਤਮਾ ਨੇ ਤੁਹਾਨੂੰ ਕਿਸੇ ਹੋਰ ਪਾਸੇ ਜਾਣ ਵਿਚ ਅਗਵਾਈ ਦਿੱਤੀ, ਪਰ ਸਵਾਲ ਇਹ ਹੈ ਕਿ ਉਹ ਆਤਮਾ ਖ਼ੁਦਾ ਦਾ ਆਤਮਾ ਹੀ ਸੀ? ਯਾਦ ਰੱਖੋ ਕਿ ਬਾਈਬਲ ਕਹਿੰਦੀ ਹੈ, ''ਹੇ ਪਿਆਰਿਓ, ਹਰੇਕ ਆਤਮਾ ਦੀ ਪਰਤੀਤ ਨਾ ਕਰ ਲਓ ਸਗੋਂ ਆਤਮਿਆਂ ਨੂੰ ਪਰਖੋ ਭਈ ਓਹ ਪਰਮੇਸ਼ੁਰ ਤੋਂ ਹਨ ਕਿ ਨਹੀਂ ਕਿਉਂ ਜੋ ਬਾਹਲੇ ਝੂਠੇ ਨਬੀ ਸੰਸਾਰ ਵਿਚ ਨਿੱਕਲ ਆਏ ਹਨ'' (1 ਯੂਹੰਨਾ 4:1)। ਜਗਤ ਵਿਚ ਝੂਠੇ ਆਤਮੇ ਅਤੇ ਝੂਠੇ ਨਬੀ ਵੀ ਤਾਂ ਹਨ।

ਤੁਹਾਨੂੰ ਕਿਵੇਂ ਪਤਾ ਲੱਗੇਗਾ ਕਿ ਤੁਸੀਂ ਝੂਠੇ ਨਬੀ ਦੀ ਅਗਵਾਈ ਵਿਚ ਚੱਲ ਰਹੇ ਹੋ ਜਾਂ ਪਵਿੱਤਰ ਆਤਮਾ ਦੀ ਅਗਵਾਈ ਵਿਚ? ਇਹ ਪੁੱਛ ਕੇ ਕਿ ਜਿਸ ਨੇ ਵੀ ਤੁਹਾਡੀ ਅਗਵਾਈ ਕੀਤੀ ਉਸਨੇ ਤੁਹਾਨੂੰ ਉਹੀ ਗੱਲਾਂ ਦੱਸੀਆਂ ਹਨ ਜੋ ਨਵੇਂ ਨੇਮ ਦੇ ਵਕਤ ਪਵਿੱਤਰ ਆਤਮਾ ਨੇ ਲੋਕਾਂ ਦੀ ਅਗਵਾਈ ਲਈ ਦੱਸੀਆਂ ਸਨ ਜਾਂ ਨਹੀਂ! ਮੈਂ ਜ਼ੋਰ ਦੇ ਕੇ ਕਹਿੰਦਾ ਹਾਂ ਕਿ ਤੁਸੀਂ ਕਿਸੇ ਹੋਰ ਤਰਕ ਨੂੰ ਮੰਨੋ ਜਾਂ ਨਾ, ਪਰ ਇਹ ਤੱਥ ਤਾਂ ਤੁਹਾਨੂੰ ਮੰਨਣਾ ਹੀ ਪਵੇਗਾ ਕਿ ਜੇ ਤੁਹਾਡੀ ਅਗਵਾਈ ਇਨ੍ਹਾਂ ਪੰਜਾਂ ਗੱਲਾਂ ਤੋਂ ਕੁਝ ਘੱਟ ਜਾਂ ਕੁਝ ਵੱਖਰਾ ਕਰਨ ਲਈ ਹੋਈ ਸੀ ਤਾਂ ਤੁਹਾਡੀ ਅਗਵਾਈ ਪਵਿੱਤਰ ਆਤਮਾ ਦੇ ਰਾਹੀਂ ਨਹੀਂ ਹੋਈ ਹੈ!

## ਸਾਰ

ਕੀ ਤੁਸੀਂ ਆਤਮਾ ਦੀ ਅਗਵਾਈ ਵਿਚ ਚੱਲੋਗੇ? ਜੇ ਉਹ ਇਨਸਾਨ ਦੇ ਰੂਪ ਵਿਚ ਹੁੰਦਾ ਤਾਂ, ਤੁਹਾਨੂੰ ਦੱਸ ਦਿੰਦਾ ਕਿ ਜੋ ਕੁਝ ਇਨ੍ਹਾਂ ਵਿਸ਼ਿਆਂ ਤੇ ਬਾਈਬਲ ਦੱਸਦੀ ਹੈ, ਨਾ ਉਸ ਤੋਂ ਘੱਟ ਕਰੋ ਅਤੇ ਨਾ ਵੱਧ। ਉਸਦਾ ਸੁਨੇਹਾ ਤੁਹਾਡੇ ਤਕ ਪੁੱਜ ਚੁੱਕਾ ਹੈ। ਕੀ ਤੁਸੀਂ ਇਸ ਨੂੰ ਸੁਣੋਗੇ? ਕੀ ਤੁਸੀਂ ਇਸ ਨੂੰ ਮੰਨੋਗੇ?